ਬਾਹਰੀ ਗੱਡੀਆਂ ਦੇ ਐਕਸੀਡੈਂਟਾਂ ਨੂੰ ਘਟਾਉਣ ਲਈ ਅਮਲ (ਡੈਲਟਾਪੋਰਟ ਅਤੇ ਵੈਨਟਰਮ)

ਟਰਮੀਨਲ `ਤੇ ਹਰ ਸਮੇਂ ਨਿੱਜੀ ਸੁਰੱਖਿਆ ਦਾ ਸਾਜ਼-ਸਾਮਾਨ ਪਾਉਣਾ ਜ਼ਰੂਰੀ ਹੈ ਜਿਨ੍ਹਾਂ ਵਿਚ ਜ਼ਿਆਦਾ ਦਿਖਾਈ ਦੇਣ ਵਾਲੀ ਝੱਗੀ, ਸੇਫਟੀ ਐਨਕਾਂ, ਸੀ ਐੱਸ ਏ ਤੋਂ ਪ੍ਰਵਾਨਿਤ ਸੇਫਟੀ ਬੂਟ, ਹਾਰਡ ਹੈਟ (ਹੈਲਮਟ) ਸ਼ਾਮਲ ਹਨ।

ਕੋਈ ਐਕਸੀਡੈਂਟ ਹੋਣ ਵੇਲੇ

ਜੇ ਕੋਈ ਮੈਡੀਕਲ ਐਮਰਜੰਸੀ ਹੋਵੇ ਤਾਂ ਮਦਦ ਲਈ 9-1-1 ਨੂੰ ਫੋਨ ਕਰੋ। ਫਸਟ-ਏਡ ਮਦਦ ਲਈ ਘਟਨਾ ਵਾਲੀ ਥਾਂ `ਤੇ ਮੌਜੂਦ ਜੀ ਸੀ ਟੀ ਦੇ ਅਮਲੇ ਨੂੰ ਫੌਰਨ ਦੱਸੋ।

ਓਪਰੇਟਰ (ਡਰਾਈਵਰ) ਅਤੇ ਗੱਡੀ ਦੋਨਾਂ ਲਈ ਐਕਸੀਡੈਂਟ ਵਾਲੀ ਥਾਂ `ਤੇ ਮੌਜੂਦ ਰਹਿਣਾ ਅਤੇ ਜੀ ਸੀ ਟੀ ਦੇ ਅਮਲੇ ਦੇ ਆਉਣ ਦੀ ਉਡੀਕ ਕਰਨਾ ਜ਼ਰੂਰੀ ਹੈ, ਜੇ ਉਸ ਥਾਂ `ਤੇ ਰਹਿਣ ਵਿਚ ਕੋਈ ਫੌਰੀ ਖ਼ਤਰਾ ਨਹੀਂ ਹੈ।

ਆਪਣੇ ਡਿਸਪੈਚਰ ਅਤੇ/ਜਾਂ ਜੀ ਸੀ ਟੀ ਓਪਰੇਸ਼ਨਜ਼ ਸੁਪੋਰਟ (1-888-342-3385) ਨੂੰ ਫੋਨ ਕਰੋ ਤਾਂ ਜੋ ਉਨ੍ਹਾਂ ਨੂੰ ਘਟਨਾ ਬਾਰੇ ਜਾਣਕਾਰੀ ਦਿੱਤੀ ਜਾ ਸਕੇ ਅਤੇ ਜੀ ਸੀ ਟੀ ਦੇ ਅਮਲੇ ਨੂੰ ਘਟਨਾ ਵਾਲੀ ਥਾਂ `ਤੇ ਭੇਜੇ ਜਾਣ ਲਈ ਉਨ੍ਹਾਂ ਦੀ ਮਦਦ ਮੰਗੀ ਜਾ ਸਕੇ।

ਜੀ ਸੀ ਟੀ ਦੇ ਅਮਲੇ ਵਲੋਂ ਘਟਨਾ ਦੀ ਕੀਤੀ ਜਾਣ ਵਾਲੀ ਪੜਤਾਲ ਦੀ ਕਾਰਵਾਈ ਵਿਚ ਹਿੱਸਾ ਲਉ (ਲਾਜ਼ਮੀ)। ਓਪਰੇਟਰ ਲਈ ਜੀ ਸੀ ਟੀ ਦੇ ਅਮਲੇ ਨੂੰ ਐਕਸੀਡੈਂਟ ਵਿਚ ਆਪਣੀ ਸ਼ਮੂਲੀਅਤ ਦੇ ਸੰਬੰਧ ਵਿਚ ਜਾਣਕਾਰੀ ਅਤੇ ਵੇਰਵੇ ਦੇਣਾ ਜ਼ਰੂਰੀ ਹੈ।

ਜਾਂਚ ਪੜਤਾਲ ਪੂਰੀ ਹੋਣ ਤੋਂ ਬਾਅਦ (ਜਦੋਂ ਅਜਿਹਾ ਕਰਨਾ ਸੁਰੱਖਿਅਤ ਹੋਵੇ)

ਆਪਣੀ ਗੱਡੀ ਦੀ ਇਨਸ਼ੋਰੈਂਸ ਕਰਨ ਵਾਲਿਆਂ (ਜਿਵੇਂ ਆਈ ਸੀ ਬੀ ਸੀ) ਨੂੰ ਐਕਸੀਡੈਂਟ ਦੀ ਰਿਪੋਰਟ ਕਰੋ।

ਇਨਸ਼ੋਰੈਂਸ ਕਰਨ ਵਾਲਿਆਂ ਨੂੰ ਜੀ ਸੀ ਟੀ ਦੇ ਰਿਸਕ ਮੈਨੇਜਮੈਂਟ ਗਰੁੱਪ ਨਾਲ ਸੰਪਰਕ ਕਰਨ ਲਈ ਕਹੋ:

ਈਮੇਲ: riskmanagement@globalterminals.com
ਫੋਨ: 604-267-5449

ਤੁਹਾਡੀ ਇਨਸ਼ੋਰੈਂਸ ਕਰਨ ਵਾਲਿਆਂ ਦਾ ਪੱਤਰ ਮਿਲਣ `ਤੇ, ਜੀ ਸੀ ਟੀ ਦਾ ਰਿਸਕ ਮੈਨੇਜਮੈਂਟ ਗਰੁੱਪ ਤੁਹਾਡੇ ਕਲੇਮ ਬਾਰੇ ਸਿੱਧਾ ਉਨ੍ਹਾਂ ਨਾਲ ਸੰਪਰਕ ਕਰੇਗਾ।

ਜੇ ਐਕਸੀਡੈਂਟ ਵਿਚ ਅਜਿਹੇ ਹਾਲਾਤ ਹੋਣ ਜਿਨ੍ਹਾਂ ਲਈ ਇੱਥੇ ਦੱਸੇ ਗਏ ਤਰੀਕਿਆਂ ਤੋਂ ਵੱਖਰੇ ਪ੍ਰਬੰਧਾਂ ਦੀ ਲੋੜ ਹੋਵੇ ਤਾਂ ਪੁੱਛਗਿੱਛ ਲਈ ਕਿਰਪਾ ਕਰਕੇ ਜੀ ਸੀ ਟੀ ਦੇ ਰਿਸਕ ਮੈਨੇਜਮੈਂਟ ਗਰੁੱਪ ਨਾਲ ਸੰਪਰਕ ਕਰੋ (ਸੰਪਰਕ ਲਈ ਵੇਰਵੇ ਉੱਪਰ ਦਿੱਤੇ ਗਏ ਹਨ।

ਧਿਆਨ ਵਿਚ ਰੱਖਣ ਵਾਲੀਆਂ ਜ਼ਰੂਰੀ ਚੀਜ਼ਾਂ

- ਜਾਂਚ ਪੜਤਾਲ ਦੀ ਕਾਰਵਾਈ ਦੌਰਾਨ ਐਕਸੀਡੈਂਟ ਦੇ ਵੇਰਵੇ ਇਕੱਠੇ ਕਰਨ ਦੀ ਜ਼ਿੰਮੇਵਾਰੀ ਖੁਦ ਓਪਰੇਟਰ ਦੀ ਹੈ। ਇਸ ਘਟਨਾ ਨਾਲ ਸੰਬੰਧਿਤ ਲਿਖਤੀ ਸਬੂਤ ਓਪਰੇਟਰ ਜਾਂ ਕਿਸੇ ਬਾਹਰੀ ਧਿਰ ਨੂੰ ਦੇਣ ਦੀ ਜ਼ਿੰਮੇਵਾਰੀ ਜੀ ਸੀ ਟੀ ਦੀ ਨਹੀਂ ਹੈ।
- ਜਾਂਚ ਪੜਤਾਲ ਦੀ ਕਾਰਵਾਈ ਵਿਚ ਜੇ ਓਪਰੇਟਰ ਹਿੱਸਾ ਨਹੀਂ ਲੈਂਦਾ ਤਾਂ ਇਸ ਨਾਲ ਤੁਹਾਡੇ ਕਲੇਮ ਦੀ ਯੋਗਤਾ ਖਤਰੇ ਵਿਚ ਪੈ ਸਕਦੀ ਹੈ।
- **ਟਰਮੀਨਲ ਤੋਂ ਜਾਣ ਤੋਂ ਪਹਿਲਾਂ** ਪ੍ਰਾਪਰਟੀ ਦੇ ਨੁਕਸਾਨ ਦੀ ਰਿਪੋਰਟ ਨਾ ਕਰਨਾ ਜੀ ਸੀ ਟੀ ਨੂੰ ਕਿਸੇ ਵੀ ਜ਼ਿੰਮੇਵਾਰੀ ਤੋਂ ਮੁਕਤ ਕਰ ਦੇਵੇਗਾ।
- ਜੀ ਸੀ ਟੀ ਐਕਸੀਡੈਂਟ ਦੇ ਨਤੀਜੇ ਵਜੋਂ ਵਿਹਲੇ ਸਮੇਂ, ਤਨਖਾਹਾਂ ਦੇ ਨੁਕਸਾਨ ਜਾਂ ਕੰਮ ਬੰਦ ਰਹਿਣ ਦਾ ਕੋਈ ਮੁਆਵਜਾ ਨਹੀਂ ਦੇਵੇਗਾ।
- ਜਿਸ ਗੱਡੀ ਦੀ ਸੰਭਾਲ ਅਚੂਕਵੇਂ ਤਰੀਕੇ ਨਾਲ ਕੀਤੀ ਗਈ ਸਮਝੀ ਜਾਂਦੀ ਹੈ, ਉਸ ਨੂੰ ਹੋਏ ਕਿਸੇ ਵੀ ਨੁਕਸਾਨ ਲਈ ਜੀ ਸੀ ਟੀ ਜ਼ਿੰਮੇਵਾਰ ਨਹੀਂ ਹੋਵੇਗਾ।
- ਪਹਿਲਾਂ ਤੋਂ ਮੌਜੂਦ ਕਿਸੇ ਨੁਕਸਾਨ ਜਾਂ ਆਮ ਘਸਾਈ ਕਾਰਨ ਹੋਏ ਨੁਕਸਾਨ ਲਈ ਜੀ ਸੀ ਟੀ ਜ਼ਿੰਮੇਵਾਰ ਨਹੀਂ ਹੋਵੇਗਾ।
- ਜੀ ਸੀ ਟੀ ਦੀ ਜ਼ਿੰਮੇਵਾਰੀ ਨੂੰ ਸੀਮਿਤ ਕਰਨ ਅਤੇ/ਜਾਂ ਬਾਹਰ ਰੱਖਣ ਸੰਬੰਧੀ ਹੋਰ ਸ਼ਰਤਾਂ ਟਰਮੀਨਲ ਸਰਵਿਸਿਜ਼ ਟੈਰਿਫ ਦੇ ਸੈਕਸ਼ਨ 7 "ਲਾਇਬਿਲਟੀ" ਹੇਠ ਦਰਜ ਹਨ।

ਇਹ ਡਾਕੂਮੈਂਟ ਜੀ ਸੀ ਟੀ ਦੇ ਟਰਮੀਨਲਾਂ `ਤੇ ਬਾਹਰੀ ਗੱਡੀਆਂ ਨਾਲ ਹੋਣ ਵਾਲੇ ਐਕਸੀਡੈਂਟਾਂ ਲਈ ਇਕ ਆਮ ਗਾਈਡ ਵਜੋਂ ਤਿਆਰ ਕੀਤਾ ਗਿਆ ਹੈ।

ਜੀ ਸੀ ਟੀ ਕੈਨੇਡਾ ਲਿਮਟਿਡ ਪਾਰਟਨਰਸ਼ਿਪ ਕੋਲ ਇਹ ਅਧਿਕਾਰ ਹੈ ਕਿ ਉਹ ਸੇਫਟੀ ਅਤੇ ਕੰਮਕਾਰ ਦੀਆਂ ਲੋੜਾਂ ਦੇ ਮੁਤਾਬਕ ਇੱਥੇ ਦੱਸੀਆਂ ਗਈਆਂ ਨੀਤੀਆਂ ਵਿਚ ਲੋੜ ਪੈਣ `ਤੇ ਸੋਧ ਕਰ ਸਕਦੀ ਹੈ।

[Punjabi] Updated: January 2026
www.globalterminals.com